# 19th Summit of SCO Council of Heads of Government to be held on 30 November 2020 in video-conference format

November 28, 2020

## ਵੀਡੀਓ ਕਾਨਫਰੰਸ ਰਾਹੀਂ ਹੋਵੇਗਾ 30 ਨਵੰਬਰ, 2020 ਨੂੰ SCO ਦੇਸ਼ਾਂ ਦੀਆਂ ਸਰਕਾਰਾਂ ਦੇ ਮੁੱਖੀਆਂ ਦੀ ਕੌਂਸਲ ਦਾ 19ਵਾਂ ਸਿਖਰ ਸੰਮੇਲਨ

28 ਨਵੰਬਰ, 2020

1. ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ ਸ਼੍ਰੀ ਵੈਂਕਈਆ ਨਾਇਡੂ 30 ਨਵੰਬਰ, 2020 ਨੂੰ ਭਾਰਤ ਦੀ ਮੇਜ਼ਬਾਨੀ 'ਚ ਵਰਚੁਅਲ ਫਾਰਮੈਟ ਵਿੱਚ ਹੋਣ ਵਾਲੇ SCO ਦੇਸ਼ਾਂ ਦੀਆਂ ਸਰਕਾਰਾਂ ਦੇ ਮੁੱਖੀਆਂ ਦੀ ਕੌਂਸਲ ਦੀ 19ਵੀਂ ਬੈਠਕ ਦੀ ਪ੍ਰਧਾਨਗੀ ਕਰਨਗੇ। 2017 ਵਿੱਚ ਭਾਰਤ ਦੇ ਇਸ ਸੰਗਠਨ ਦੇ ਪੂਰਨ ਮੈਂਬਰ ਬਣਨ ਤੋਂ ਬਾਅਦ ਭਾਰਤ ਦੀ ਪ੍ਰਧਾਨਗੀ ਹੇਠ ਪਹਿਲੀ ਵਾਰ ਅਜਿਹੀ ਸਿਖਰ ਸੰਮੇਲਨ ਪੱਧਰੀ ਬੈਠਕ ਹੋਵੇਗੀ। ਇਹ ਸਿਖਰ ਸੰਮੇਲਨ ਸਾਲਾਨਾ ਤੌਰ 'ਤੇ SCO ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੇ ਪੱਧਰ 'ਤੇ ਹੁੰਦਾ ਹੈ ਅਤੇ ਇਹ ਸੰਗਠਨ ਮੁੱਖ ਤੌਰ 'ਤੇ ਵਪਾਰ ਅਤੇ ਆਰਥਿਕ ਏਜੰਡੇ ਨਾਲ ਜੁੜਿਆ ਹੋਇਆ ਹੈ।

2. ਸ਼ੰਘਾਈ ਸਹਿਕਾਰਤਾ ਸੰਗਠਨ (SCO) ਨੂੰ ਭਾਰਤ ਸ਼ਾਂਤੀ, ਸੁਰੱਖਿਆ, ਵਪਾਰ, ਆਰਥਿਕਤਾ ਅਤੇ ਸਭਿਆਚਾਰ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਉਤਸ਼ਾਹਤ ਕਰਨ ਦੇ ਮਾਮਲੇ 'ਚ ਮਹੱਤਵਪੂਰਨ ਖੇਤਰੀ ਸੰਗਠਨ ਮੰਨਦਾ ਹੈ। ਭਾਰਤ SCO ਅੰਦਰ ਸਰਗਰਮ, ਸਕਾਰਾਤਮਕ ਅਤੇ ਉਸਾਰੂ ਭੂਮਿਕਾ ਨਿਭਾ ਕੇ ਨਾਲ ਇਸ ਸੰਗਠਨ ਨਾਲ ਆਪਣਾ ਸਹਿਯੋਗ ਹੋਰ ਮਜ਼ਬੂਤ ਪ੍ਰਤੀ ਵਚਨਬੱਧ ਹੈ।

3. ਭਾਰਤ ਨੇ ਆਪਣੀ ਪ੍ਰਧਾਨਗੀ ਰੋਟੇਸ਼ਨ ਦੇ ਹਿਸਾਬ ਨਾਲ ਪਿਛਲੇ ਪ੍ਰਧਾਨ ਰਹੇ ਉਜ਼ਬੇਕਿਸਤਾਨ ਤੋਂ 2 ਨਵੰਬਰ, 2019 ਨੂੰ ਸੰਭਾਲੀ ਸੀ ਅਤੇ ਇਸਦਾ ਇੱਕ ਸਾਲ ਦਾ ਕਾਰਜਕਾਲ 30 ਨਵੰਬਰ, 2020 ਨੂੰ ਇਸ ਵੱਲੋਂ SCO ਦੇਸ਼ਾਂ ਦੀਆਂ ਸਰਕਾਰਾਂ ਦੇ ਮੁੱਖੀਆਂ ਦੀ ਕੌਂਸਲ ਦੇ 19ਵੇਂ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਨ ਦੇ ਨਾਲ ਹੀ ਖਤਮ ਹੋ ਜਾਵੇਗਾ।

4. SCO ਦੇ ਮੈਂਬਰ ਮੁਲਕਾਂ - ਰੂਸ, ਚੀਨ, ਕਜ਼ਾਕਿਸਤਾਨ, ਕਿਰਗਿਸਤਾਨ, ਤਜਾਕਿਸਤਾਨ ਅਤੇ ਉਜ਼ਬੇਕਿਸਤਾਨ - ਦੇ ਪ੍ਰਧਾਨ ਮੰਤਰੀ 30 ਨਵੰਬਰ ਨੂੰ SCO ਦੀ ਬੈਠਕ ਵਿੱਚ ਸ਼ਿਰਕਤ ਕਰਨਗੇ। ਪਾਕਿਸਤਾਨ ਦੀ ਨੁਮਾਇੰਦਗੀ ਇਸਦੇ ਵਿਦੇਸ਼ ਮਾਮਲਿਆਂ ਬਾਰੇ ਸੰਸਦੀ ਸਕੱਤਰ ਕਰਨਗੇ। SCO ਦੇ ਮੈਂਬਰ ਦੇਸ਼ਾਂ ਤੋਂ ਛੁੱਟ SCO ਦੇ ਚਾਰ ਆਬਜ਼ਰਵਰ ਦੇਸ਼ ਵੀ ਇਸ ਵਿੱਚ ਹਿੱਸਾ ਲੈਣਗੇ, ਜਿਨ੍ਹਾਂ ਵਿੱਚ ਅਫਗਾਨਿਸਤਾਨ ਦੇ ਰਾਸ਼ਟਰਪਤੀ, ਈਰਾਨ ਦੇ ਪਹਿਲੇ ਉਪ ਰਾਸ਼ਟਰਪਤੀ, ਬੇਲਾਰੂਸ ਦੇ ਪ੍ਰਧਾਨ ਮੰਤਰੀ ਅਤੇ ਮੰਗੋਲੀਆ ਦੇ ਉਪ-ਪ੍ਰਧਾਨ ਮੰਤਰੀ ਸ਼ਾਮਲ ਹਨ। ਤੁਰਕਮੇਨਿਸਤਾਨ ਨੂੰ ਮੇਜ਼ਬਾਨ ਦੇਸ਼ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸੱਦਾ ਦਿੱਤਾ ਗਿਆ ਹੈ ਅਤੇ ਇਸਦੀ ਪ੍ਰਤੀਨਿਧਤਾ ਮੰਤਰੀ ਮੰਡਲ ਦੇ ਡਿਪਟੀ ਚੇਅਰਮੈਨ ਕਰਨਗੇ। SCO ਦੀਆਂ ਦੋ ਸੰਸਥਾਵਾਂ ਦੀ ਪ੍ਰਤੀਨਿਧਤਾ SCO ਦੇ ਸੱਕਤਰ ਜਨਰਲ ਅਤੇ SCO ਖੇਤਰੀ ਅੱਤਵਾਦ -ਰੋਧੀ ਢਾਂਚਾ (RATS) ਦੇ ਕਾਰਜਕਾਰੀ ਡਾਇਰੈਕਟਰ ਕਰਨਗੇ। SCO ਬਿਜ਼ਨੈਸ ਕੌਂਸਲ ਦੇ ਚੇਅਰਮੈਨ ਅਤੇ SCO ਇੰਟਰਬੈਂਕ ਐਸੋਸੀਏਸ਼ਨ ਵੀ ਇਸ ਮੌਕੇ 'ਤੇ ਮੌਜੂਦ ਰਹਿਣਗੇ।

5. 2020 ਵਿੱਚ SCO ਦੇਸ਼ਾਂ ਦੀਆਂ ਸਰਕਾਰਾਂ ਦੇ ਮੁੱਖੀਆਂ ਦੀ ਕੌਂਸਲ ਦੀ ਸਾਡੀ ਪ੍ਰਧਾਨਗੀ ਦੌਰਾਨ ਭਾਰਤ ਨੇ ਵਿਸ਼ੇਸ਼ ਤੌਰ 'ਤੇ ਭਾਈਵਾਲੀ ਦੇ ਤਿੰਨ ਨਵੇਂ ਥੰਮ ਸਥਾਪਤ ਕਰਨ ਉੱਤੇ ਧਿਆਨ ਦਿੱਤਾ ਹੈ: ਸਟਾਰਟਅਪ ਅਤੇ ਇਨੋਵੇਸ਼ਨ, ਵਿਗਿਆਨ ਅਤੇ ਟੈਕਨੋਲੋਜੀ ਅਤੇ ਰਵਾਇਤੀ ਦਵਾਈਆਂ ਅਤੇ ਹੋਰ ਵੀ ਕਈ ਪਹਿਲਾਂ ਦੀ ਤਜਵੀਜ਼ ਦਿੱਤੀ ਹੈ। ਭਾਰਤ ਨੇ ਸਟਾਰਟਅਪ ਅਤੇ ਇਨੋਵੇਸ਼ਨ ਬਾਰੇ ਇੱਕ ਨਵਾਂ ਵਿਸ਼ੇਸ਼ ਵਰਕਿੰਗ ਸਮੂਹ ਬਣਾਉਣ ਅਤੇ ਇਸ ਦੀ ਪ੍ਰਧਾਨਗੀ ਕਰਨ ਅਤੇ ਰਵਾਇਤੀ ਦਵਾਈਆਂ ਬਾਰੇ ਸਹਿਯੋਗ ਕਰਨ ਵਾਸਤੇ ਮਾਹਿਰਾਂ ਦਾ ਵਰਕਿੰਗ ਸਮੂਹ ਬਣਾਉਣ ਦੀ ਪੇਸ਼ਕਸ਼ ਕੀਤੀ ਹੈ। ਭਾਰਤ ਨੇ ਵਰਚੁਅਲ ਫਾਰਮੈਟ ਰਾਹੀਂ ਪਹਿਲੇ SCO ਨੌਜਵਾਨ

ਵਿਗਿਆਨੀ ਕਨਕਲੇਵ (24-28 ਨਵੰਬਰ), ਜਿਸ ਵਿੱਚ 200 ਤੋਂ ਵੱਧ ਨੌਜਵਾਨ ਵਿਗਿਆਨੀਆਂ ਨੇ ਭਾਗ ਲਿਆ, SCO ਆਰਥਿਕ ਵਿਚਾਰਕ ਮੰਚਾਂ ਦੇ ਪਹਿਲੇ ਸਮੂਹ (20-21 ਅਗਸਤ) ਅਤੇ ਪਹਿਲੇ SCO ਸਟਾਰਟਅਪ ਫੋਰਮ (27 ਅਕਤੂਬਰ) ਦੀ ਮੇਜ਼ਬਾਨੀ ਵੀ ਕੀਤੀ ਹੈ। B2B ਫਾਰਮੈਟ ਵਿੱਚ FICCI ਨੇ SCO ਬਿਜ਼ਨੈਸ ਕਾਊਂਸਲ ਦੇ ਰਾਸ਼ਟਰੀ ਚੈਪਟਰਾਂ ਰਾਹੀਂ MSME ਉੱਤੇ ਖਾਸ ਜ਼ੋਰ ਦੇਣ ਵਾਲਾ ਪਹਿਲਾ SCO ਬਿਜ਼ਨੈਸ ਕਨਕਲੇਵ (23 ਨਵੰਬਰ) ਕਰਾਇਆ ਹੈC

6. ਇਸ ਸਾਲ ਭਾਰਤ ਨੇ ਵੀਡੀਓ ਕਾਨਫਰੰਸ ਰਾਹੀਂ 28 ਅਕਤੂਬਰ ਨੂੰ ਵਿਦੇਸ਼ੀ ਆਰਥਿਕਤਾ ਅਤੇ ਵਿਦੇਸ਼ੀ ਵਪਾਰ ਲਈ ਜ਼ਿੰਮੇਵਾਰ SCO ਮੰਤਰੀਆਂ ਦੀ ਬੈਠਕ ਅਤੇ 16 ਅਕਤੂਬਰ ਨੂੰ SCO ਦੇ ਨਿਆਂ ਮੰਤਰੀਆਂ ਦੀ ਬੈਠਕ ਦੀ ਮੇਜ਼ਬਾਨੀ ਵੀ ਕੀਤੀ ਸੀ।

7. ਜਿੱਥੋਂ ਤੱਕ ਸਭਿਆਚਾਰਕ- ਮਨੁੱਖੀ ਪੱਖ ਦੀ ਗੱਲ ਹੈ, ਭਾਰਤ ਨੇ 2019 ਵਿੱਚ ਹੋਏ SCO ਦੇਸ਼ਾਂ ਦੇ ਮੁਖੀਆਵਾਂ ਦੇ ਸਿਖਰ ਸੰਮੇਲਨ ਦੌਰਾਨ ਬਿਸ਼ਕੇਕ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਐਲਾਨ ਲਾਗੂ ਕੀਤੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: ਰਾਸ਼ਟਰੀ ਅਜਾਇਬ ਘਰ ਦੁਆਰਾ ਸਾਂਝੀ ਬੋਧੀ ਵਿਰਾਸਤ ਬਾਰੇ ਪਹਿਲੀ SCO ਡਿਜੀਟਲ ਪ੍ਰਦਰਸ਼ਨੀ ਦੀ ਮੇਜ਼ਬਾਨੀ, ਜਿਸ ਦਾ ਉਦਘਾਟਨ 30 ਨਵੰਬਰ ਨੂੰ ਹੋਵੇਗਾ ਅਤੇ ਭਾਰਤੀ ਖੇਤਰੀ ਸਾਹਿਤ ਦੀਆਂ 10 ਮੰਨੀਆਂ-ਪ੍ਰਮੰਨੀਆਂ ਰਚਨਾਵਾਂ ਦਾ ਰੂਸੀ ਅਤੇ ਚੀਨੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ। ਭਾਰਤ ਨੇ 2021 ਵਿੱਚ SCO ਫੂਡ ਫੈਸਟੀਵਲ ਦੀ ਮੇਜ਼ਬਾਨੀ ਕਰਨ ਦੀ ਤਜਵੀਜ਼ ਵੀ ਦਿੱਤੀ ਹੈ।

8. SCO ਸਰਕਾਰ ਦੇ ਮੁੱਖੀਆਂ ਦੀ ਕੌਂਸਲ ਦੀ 19ਵੀਂ ਬੈਠਕ ਦੀ ਮੇਜ਼ਬਾਨੀ ਕਰ ਭਾਰਤ ਨੂੰ ਇਹ ਆਸ ਹੈ ਕਿ ਮਨੁੱਖਾਂ ਨੂੰ SCO ਦੀਆਂ ਗਤੀਵਿਧੀਆਂ ਦੇ ਕੇਂਦਰ ਵਿੱਚ ਰੱਖ ਕੇ ਵਪਾਰ, ਆਰਥਿਕ ਅਤੇ ਸਭਿਆਚਾਰਕ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇਗਾ ਅਤੇ ਇਸ ਖੇਤਰ ਅੰਦਰ ਵਧੇਰੇ ਸ਼ਾਂਤੀ ਅਤੇ ਖੁਸ਼ਹਾਲੀ ਆ ਸਕੇਗੀ। ਸਾਨੂੰ ਉਮੀਦ ਹੈ ਕਿ ਭਾਰਤ ਦੀਆਂ ਪਹਿਲਾਂ ਨਾਲ ਨਾ ਸਿਰਫ SCO ਮੈਂਬਰ ਦੇਸ਼ਾਂ ਨੂੰ COVID -19 ਮਹਾਂਮਾਰੀ ਤੋਂ ਪੈਦਾ ਹੋਈਆਂ ਆਰਥਿਕ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦਗਾਰ ਸਾਬਤ ਹੋਣਗੀਆਂ, ਬਲਕਿ ਇਸ ਸੰਸਥਾ ਨੂੰ ਮਜ਼ਬੂਤ ਕਰਨ ਲਈ ਸਾਡੀ ਲਗਾਤਾਰ ਵਚਨਬੱਧਤਾ ਦਾ ਪ੍ਰਤੀਕ ਵੀ ਹੋਣਗੀਆਂ।

9. 30 ਨਵੰਬਰ ਨੂੰ ਹੋ ਰਿਹਾ ਸਿਖਰ ਸੰਮੇਲਨ ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ ਦੀ ਪ੍ਰਧਾਨਗੀ ਹੇਠ ਜਾਰੀ ਸਾਂਝੇ ਬਿਆਨ ਨੂੰ ਅੰਗੀਕਾਰ ਕੀਤੇ ਜਾਣ ਦੇ ਨਾਲ ਖਤਮ ਹੋਵੇਗਾ।

ਨਵੀਂ ਦਿਲੀ
28 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.